بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 18 .09.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਸਤੰਬਰ ਸਨ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਇਸ ਜੁੱਗ ਵਿੱਚ ਹਜ਼ਰਤ ਮਸੀਹ ਮੌਊਦ ਅਲੈਹ ਸਲਾਮ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਅਮ ਦੀ ਸਿੱਖਿਆ ਤੇ ਆਚਰਣ ਦੇ ਵਾਸਤਵਿਕ ਨਮੂਨੇ ਹਨ ਅਤੇ ਇਸ ਪੱਖੋਂ ਸਾਡੇ ਲਈ ਆਪ ਦਾ ਨਮੂਨਾ ਵੀ ਮਾਰਗਦਰਸ਼ਕ ਹੈ । ਅਸੀਂ ਖ਼ੁਸ਼ ਨਸੀਬ ਹਾਂ ਕਿ ਸਾਡੇ ਬਜ਼ੁਰਗ ਬਾਪ ਦਾਦਿਆਂ ਨੇ ਅਤੇ ਸਹਾਬਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਰਜ਼ਤ ਮਸੀਹ ਮੌਊਦ ਅਲੈਹਿ ਸਲਾਮ ਬਾਰੇ ਰਿਵਾਇਤਾਂ ਸਾਡੇ ਤੀਕ ਪਹੁੰਚਾਈਆਂ । ਕਿਉਂਕਿ ਇਹੋ ਚੀਜ਼ ਭਵਿੱਖ ਵਿੱਚ ਆਉਣ ਵਾਲੀਆਂ ਨਸਲਾਂ ਲਈ ਨਸੀਹਤ ਤੇ ਵਾਸਤਵਿਕ ਸਿੱਖਿਆ ਅਤੇ ਕੁਝ ਜ਼ਰੂਰੀ ਸਮੱਸਿਆਵਾਂ ਦਾ ਹਲ ਪੇਸ਼ ਕਰਨ ਵਾਲੀਆਂ ਹੋਣਗੀਆਂ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਸ ਜੁੱਗ ਵਿੱਚ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਹਜ਼ਰਤ ਮੁਹੱਮਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੀ ਗ਼ੁਲਾਮੀ ਵਿੱਚ ਇਸਲਾਮ ਧਰਮ ਦੇ ਪੁਨਰਉਥੱਾਨ (ਨਵੀਨੀਕਰਣ) ਲਈ ਭੇਜਿਆ ਹੈ । ਆਪ ਨੇ ਸਾਨੂੰ ਧਰਮ ਦੀ ਵਾਸਤਵਿਕਤਾ ਇਸ ਦੀ ਮੁਢੱਲੀ ਤੇ ਹਕੀਕੀ ਸਿੱਖਿਆ ਨੂੰ ਸੋਹਣਾ ਕਰਕੇ ਦਿਖਾਇਆ ਹੈ ਅਤੇ ਕੁਰੀਤੀਆਂ ਅਤੇ ਗਲਤ ਰਿਵਾਇਤਾਂ ਨੂੰ ਦੂਰ ਕਰਨ ਦੀ ਨਸੀਹਤ ਕੀਤੀ ਹੈ । ਸੋ ਇਸ ਜੁੱਗ ਵਿੱਚ ਆਪ ਸਲਲੱਾਹੁ ਅਲੈਹਿ ਵਸਲਅਮ ਦੀ ਸਿੱਖਿਆ ਅਤੇ ਉਚੱ ਆਚਰਣ ਦੀ ਵਾਸਤਵਿਕ ਉਧਾਰਣ ਹਨ ਅਤੇ ਇਸ ਪੱਖੋਂ ਸਾਡੇ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਉਧਾਰਣ ਮਾਰਗ ਦਰਸ਼ਨ ਵੱਜੋਂ ਹੈ । ਅਸੀਂ ਖ਼ੁਸ਼ਕਿਸਮਤ ਹਾਂ ਕਿ ਸਾਡੇ ਵੱਡੇ ਵਡੇਰਿਆਂ, ਬਾਪ-ਦਾਦੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਥੀਆਂ (ਸਹਾਬਾ) ਨੇ ਹਜ਼ਰਤ ਮਸੀਹ ਮੌਊਦ ਬਾਰੇ ਰਿਵਾਇਤਾਂ ਪਹੁੰਚਾਈਆਂ । ਪੁਰਾਣੇ ਅਹਮਦੀਆਂ ਵਿੱਚ ਅਜਿਹੇ ਬਹੁਤ ਹੋਣਗੇ ਜਿੰਨ੍ਹਾਂ ਨੇ ਆਪਣੇ ਬਜ਼ੁਰਗਾਂ ਤੋਂ ਕਈ ਗੱਲਾਂ, ਘਟਨਾਵਾਂ ਤੇ ਰਿਵਾਇਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਾਰੇ ਸਿੱਧੇ ਰੂਪ ਵਿੱਚ ਸੁਣੀਆਂ ਹੋਣਗੀਆਂ । ਜਿੰਨ੍ਹਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੇਖਿਆਂ ਅਤੇ ਆਪ ਅਲੈਹਿ ਸਲਾਮ ਦੀ ਸੰਗਤ ਤੋਂ ਲਾਭਵੰਤ ਹੋਏ । ਬਹਿਰਹਾਲ ਇਹਨਾ ਰਿਵਾਇਤਾਂ ਦੀ ਮਹੱਤਾ ਇਕ ਥਾਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਵਰਨਣ ਕੀਤੀ ਹੈ ਅਤੇ ਆਪਣੇ ਅਨੁਮਾਨ ਅਨੁਸਾਰ ਇਹਨਾਂ ਗੱਲਾਂ ਵਿੱਚੋਂ ਜੋ ਵੇਖਣ ਨੂੰ ਨਿੱਕੀਆਂ ਨਿੱਕੀਆਂ ਹਨ ਅਨੇਕਾਂ ਹੀ ਨਸੀਹਤਾਂ ਕੀਤੀਆਂ ਅਤੇ ਇਸਲਾਮ ਦੀ ਮੁਢੱਲੀ ਸਿੱਖਿਆਵਾਂ ਦੀਆਂ ਗੱਲਾਂ ਕੱਢੀਆਂ ਹਨ, ਉਹ ਮੈਂ ਇਸ ਸਮੇਂ ਪੇਸ਼ ਕਰਾਂਗਾ : ਹਜ਼ਰਤ ਮਸਹਿ ਮੌਊਦ ਰਜ਼ੀ ਅਲੱਾਹ ਅਨਹੁ ਦੇ ਸਮੇਂ ਵਿੱਚ ਅਨੇਕਾਂ ਹੀ ਸਹਾਬਾ ਮੌਜੂਦ ਸਨ । ਇਸ ਲਈ ਆਪ ਨੇ ਸਹਾਬਾ ਨੂੰ ਇਹਨਾਂ ਦਿਨਾਂ ਵਿੱਚ ਧਿਆਨ ਵੀ ਦੁਆਇਆ, ਨਸੀਹਤਾਂ ਵੀ ਕੀਤੀਆਂ ਜਾਂ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਵੀ ਧਿਆਨ ਦੁਆਇਆ ਕਿ ਰਿਵਾਇਤਾਂ ਇਕਤੱਰ ਕਰਨ ਕਿਉਂਕਿ ਇਹੋ ਚੀਜ਼ ਭਵਿੱਖ ਵਿੱਚ ਆਉਣ ਵਾਲੀ ਪੀੜ੍ਹੀ ਲਈ ਉਪਦੇਸ਼ ਤੇ ਵਾਸਤਵਿਕ ਸਿੱਖਿਆ ਅਤੇ ਅਨੇਕਾਂ ਸਮੱਸਿਆਵਾਂ ਦਾ ਹਲ ਕਢੱਣ ਵਾਲੀਆਂ ਹੋਣਗੀਆਂ । ਹਜ਼ਰਤ ਮੁਸਲਿਹ ਮੌਊਦ ਇਕ ਥਾਂ ਫ਼ਰਮਾਉਂਦੇ ਹਨ ਕਿ ਇਕ ਗੱਲ ਜਿਸ ਵੱਲ ਮੈਂ ਇਸ ਸਾਲ ਜਮਾਤ ਨੂੰ ਵਿਸ਼ੇਸ਼ ਰੂਪ ਵਿੱਚ ਧਿਆਨ ਵਿੱਚ ਲਿਆਂਦੀ ਹੈ, ਉਹ ਗੱਲ ਕੀ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਾਲਾਤ ਅਤੇ

ਆਪ ਦੀਆਂ ਗੱਲਾਂ ਸਹਾਬਾ ਕਰਾਮ ਤੋਂ ਇਕਤੱਰ ਕਰਾਈਆਂ ਜਾਣ । ਫ਼ਰਮਾਉਂਦੇ ਹਨ ਕਿ ਹਰ ਵਿਅਕਤੀ ਜਿਸ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਛੋਟੀ ਜਿਹੀ ਗੱਲ ਵੀ ਚੇਤੇ ਹੋਵੇ, ਉਸ ਦਾ ਉਸ ਗੱਲ ਨੂੰ ਲੁਕਾ ਕੇ ਰੱਖਣਾ ਅਤੇ ਦੂਜਿਆਂ ਨੂੰ ਨ ਦਸੱਣਾ ਇਹ ਇਕ ਕੌਮੀ ਧੋਖਾ ਹੈ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਕਈ ਗੱਲਾਂ ਬਹੁਤ ਛੋਟੀਆਂ ਹੁੰਦੀਆਂ ਹਨ ਪਰ ਕਈ ਛੋਟੀਆਂ ਗੱਲਾਂ ਸਿੱਟੇ ਦੇ ਪੱਖੋਂ ਬਹੁਤ ਮਹਤੱਵਪੂਰਨ ਹੁੰਦੀਆਂ ਹਨ । ਹੁਣ ਇਹ ਕਿੰਨ੍ਹੀ ਛੋਟੀ ਜਿਹੀ ਗੱਲ ਹੈ ਜੋ ਹਦੀਸਾਂ ਵਿੱਚ ਆਉਂਦਾ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਲਈ ਇਕ ਵਾਰ ਕਦੂੱ ਪੱਕਿਆ ਤਾਂ ਆਪ ਨੇ ਬਹੁਤ ਸ਼ੌਕ ਨਾਲ ਉਸ ਸਾਲਨ ਵਿੱਚੋਂ ਕਦੂੱ ਦੇ ਟੁਕੜੇ ਕੱਢ ਕਢੱ ਕੇ ਖਾਣੇ ਸ਼ੁਰੂ ਕਰ ਦਿੱਤੇ, ਇੱਥੋਂ ਤੱਕ ਕਿ ਸ਼ੋਰਬੇ ਵਿੱਚ ਕਦੂੱ ਦਾ ਕੋਈ ਟੁਕੜਾ ਨ ਰਿਹਾ ਅਤੇ ਆਪ ਨੇ ਫ਼ਰਮਾਇਆ ਕਿ ਕਦੂੱ ਬਹੁਤ ਉਤੱਮ ਚੀਜ਼ ਹੈ । ਆਪ ਫ਼ਰਮਾਉਂਦੇ ਹਨ ਕਿ ਵੇਖਣ ਨੂੰ ਇਹ ਛੋਟੀ ਜਿਹੀ ਗੱਲ ਹੈ । ਸੰਭਵ ਹੈ ਕਿ ਕਈ ਅਹਮਦੀ ਵੀ ਇਹ ਸੁਣ ਕੇ ਕਹਿ ਦੇਣ ਕਿ ਕਦੂੱ ਦੇ ਵਰਨਣ ਕਰਨ ਦੀ ਕੀ ਲੋੜ ਸੀ ਅਤੇ ਅੱਜ ਕਲ ਕਈ ਪੜ੍ਹੇ ਲਿਖੇ ਵੀ ਬਹੁਤੇ ਬਣਦੇ ਹਨ, ਉਹਨਾਂ ਨੂੰ ਇਸ ਗੱਲ ਵੱਲ ਕੋਈ ਚਿਤ ਚੇਤਾ ਵੀ ਨਹੀਂ ਹੁੰਦਾ ਜਾਂ ਉਹ ਸਮਝਦੇ ਹਨ ਕਿ ਮਮੂਲੀ ਗੱਲ ਹੈ ਪਰ ਇਸ ਛੋਟੀ ਜਿਹੀ ਗੱਲ ਨਾਲ ਇਸਲਾਮ ਨੂੰ ਕਿੰਨ੍ਹਾ ਵੱਡਾ ਲਾਭ ਪਹੁੰਚਿਆ । ਅਸੀਂ ਅੱਜ ਆਪਣੇ ਜੁੱਗ ਵਿੱਚ ਇਹਨਾਂ ਖ਼ਰਾਬੀਆਂ ਦਾ ਅਨੁਮਾਨ ਨਹੀਂ ਕਰ ਸਕਦੇ ਜੋ ਮੁਸਲਮਾਨਾਂ ਵਿੱਚ ਪ੍ਰਚਲਿਤ ਹੋਈਆਂ ਪਰ ਇਕ ਜੁੱਗ ਇਸਲਾਮ ਉਪੱਰ ਅਜਿਹਾ ਵੀ ਆਇਆ ਕਿ ਜੱਦ ਹਿੰਦੁਸਤਾਨ ਵਿੱਚ ਹਿੰਦੂ ਸਭਿਆਚਾਰ ਨੇ ਮੁਸਲਮਾਨਾਂ ਉਪੱਰ ਪ੍ਰਭਾਵ ਪਾਇਆ ਹੈ ਅਤੇ ਇਸ ਪ੍ਰਭਾਵ ਕਰਕੇ ਉਹ ਇਸ ਵਿਚਾਰ ਵਿੱਚ ਗ੍ਰਿੱਸੇ ਗਏ ਕਿ ਨੇਕ ਲੋਕ ਉਹ ਹੁੰਦੇ ਹਨ ਜੋ ਗੰਦੀਆਂ ਚੀਜਾਂ ਖਾਣ ਜੋ ਚੰਗੀਆਂ ਚੀਜਾਂ ਨ ਖਾਣ, ਜੋ ਉਤੱਮ ਪ੍ਰਕਾਰ ਦੀ ਗ਼ਜ਼ਾ ਨਾ ਖਾਣ ਨੇਕੀ ਦਾ ਮਿਆਰ ਇਹ ਹੈ । ਕਿਉਂਕਿ ਫ਼ਕੀਰਾਂ ਤੇ ਜੋਗੀਆਂ ਦਾ ਸ਼ੇਵਾ (ਸਿਧੱਾਂਤ) ਹੈ ਅਤੇ ਜੱਦ ਵੀ ਉਹ ਕਿਸੇ ਨੂੰ ਉਤੱਮ ਖਾਣਾ ਖਾਂਦੇ ਦੇਖਦੇ ਹਨ ਤਾਂ ਕਹਿੰਦੇ ਹਨ ਕਿ ਇਹ ਬਜ਼ੁਰਗ ਕਿਵੇਂ ਅਖਵਾ ਸਕਦਾ ਹੈ ਅਰਥਾਤ ਕਲਪਨਾ ਹੀ ਨਹੀਂ ਕਿ ਕੋਈ ਬਜ਼ੁਰਗ ਅਖਵਾਏ ਅਤੇ ਫਿਰ ਚੰਗਾ ਖਾਣਾ ਵੀ ਖਾ ਸਕੇ । ਆਫ ਇਕ ਘਟਨਾ ਵਰਨਣ ਕਰਦੇ ਹਨ ਕਿ ਇਕ ਵਾਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਮਸਜਿਦ ਅਕਸਾ ਵਿੱਚ ਦਰਸ (ਪਰਵਚਨ) ਦੇਕੇ ਵਾਪਸ ਆਪਣੇ ਘਰ ਜਾ ਰਹੇ ਸਨ ਕਿ ਆਪ ਨੂੰ ਇਕ ਡਿਪਟੀ ਸਾਹਬ ਮਿਲੇ ਜੋ ਰਿਟਾਇਰਡ ਸਨ ਅਤੇ ਹਿੰਦੂ ਸਨ । ਉਹਨਾਂ ਨੇ ਕਿਸੇ ਤੋਂ ਸੁਣ ਲਿਆ ਸੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ‘ਪੁਲਾਵ’ ਖਾਂਦੇ ਹਨ ਅਤੇ ਬਦਾਮ ਰੋਗ਼ਨ ਵਰਤਦੇ ਹਨ ਅਰਥਾਤ ਨਿਰੰਤਰ ਨਹੀਂ ਜੱਦ ਕਦੇ ਮਿਲ ਜਾਏ, ਜੱਦ ਪੱਕਿਆ ਹੋਵੇ ਅਤੇ ਬਦਾਮ ਰੋਗ਼ਨ ਵਰਤਦੇ ਹਨ । ਉਹ ਉਸ ਸਮੇਂ ਆਪਣੇ ਘਰ ਦੇ ਬਾਹਰ ਬੈਠਾ ਹੋਇਆ ਸੀ । ਹਜ਼ਰਤ ਖਲੀਫ਼ਾ ਅਵੱਲ ਨੂੰ ਦੇਖਕੇ ਕਹਿਣ ਲੱਗਾ ਕਿ ਮੌਲਵੀ ਸਾਹਬ ਇਕ ਗੱਲ ਪੁਛੱਣੀ ਹੈ । ਮੌਲਵੀ ਸਾਹਬ ਅਰਥਾਤ ਖ਼ਲੀਫਾ ਅਵੱਲ ਨੇ ਫ਼ਰਮਾਇਆ ਕਿ ਫ਼ਰਮਾਓ ਕੀ ਪੁਛੱਣਾ ਹੈ ? ਉਹ ਹਿੰਦੂ ਕਹਿਣ ਲੱਗਾ, ਜੀ ਬਦਾਮ ਰੋਗ਼ਨ ਅਤੇ ਪੁਲਾਵ ਖਾਣਾ ਜਾਇਜ਼ ਹੈ ? ਹਜ਼ਰਤ ਖ਼ਲੀਫ਼ਾ ਅਵੱਲ ਨੇ ਫ਼ਰਮਾਇਆ ਸਾਡੇ ਧਰਮ ਵਿੱਚ ਇਹ ਚੀਜ਼ਾ ਖਾਣੀਆਂ ਜਾਇਜ਼ ਹਨ ਸਾਨੂੰ ਤਾਂ ਕੋਈ ਰੋਕ ਨਹੀਂ । ਉਹ ਕਹਿਣ ਲਗੱਾ ਕਿ ਮੇਰਾ ਮਤਲਬ ਇਹ ਹੈ ਕਿ ਫ਼ਕੀਰਾਂ ਨੂੰ ਖਾਣੀ ਜਾਇਜ਼ ਏ । ਆਪ ਨੇ ਫ਼ਰਮਾਇਆ ਕਿ ਸਾਡੇ ਧਰਮ ਵਿੱਚ ਤਾਂ ਫ਼ਕੀਰਾਂ ਲਈ ਉਹਨਾਂ ਸਾਰਿਆਂ ਲਈ ਜਾਇਜ਼ ਹੈ ਜੋ ਬਜ਼ੁਰਗ ਅਖਵਾਉਂਦੇ ਹਨ । ਕਹਿਣ ਲੱਗਾ ਚੰਗਾ ਜੀ ਅਤੇ ਇਹ ਕਹਿ ਕੇ ਚੁੱਪ ਹੋ ਗਿਆ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਦੇਖੋ ਉਸ ਵਿਅਕਤੀ ਨੂੰ ਸਭ ਤੋਂ ਵਡੱਾ ਇਤਰਾਜ਼ ਇਹੋ ਸੁਝਿਆ ਕਿ ਹਜ਼ਰਤ ਮਿਰਜ਼ਾ ਸਾਹਬ ਮਸੀਹ ਮੌਊਦ ਅਤੇ ਮਹਦੀ ਕਿਵੇਂ ਹੋ ਸਕਦੇ ਹਨ ਜੱਦ ਕਿ ਉਹ ਪੁਲਾਵ ਖਾਂਦੇ ਹਨ ਅਤੇ ਬਦਾਮ ਰੋਗ਼ਨ ਵਰਤਦੇ ਹਨ । ਜੇਕਰ ਸਹਾਬਾ ਦਾ ਵੀ ਉਹੋ ਜਿਹਾ ਹੀ ਵਿਦਿਅਕ ਸ਼ੌਕ ਹੁੰਦਾ ਜਿਵੇਂ ਕਿ ਅੱਜ ਕਲ ਅਹਮਦੀਆਂ ਦਾ ਹੈ ਅਤੇ ਉਹ ਕਦੂੱ ਦਾ ਵਰਨਣ ਹਦੀਸਾਂ ਵਿੱਚ ਨ ਕਰਦੇ ਤਾਂ ਕਿੰਨ੍ਹੀ ਮਹਤੱਵਪੂਰਨ ਗੱਲ ਹੱਥੋਂ ਜਾਂਦੀ ਰਹਿੰਦੀ । ਹਦੀਸਾਂ ਵਿੱਚ ਆਉਂਦਾ ਹੈ ਕਿ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਇਕ ਵਾਰ ਜੁਮਏ ਦੇ ਦਿਨ ਸੋਹਣਾ ਜਿਹਾ ਜੁਬੱਾ (ਲਿਬਾਸ) ਪਹਿਨ ਕੇ ਮਸਜਿਦ ਵਿੱਚ ਆਏ । ਹੁਣ ਜੇਕਰ ਕੋਈ ਮਨੁੱਖ ਅਜਿਹਾ ਹੋਵੇ ਜੋ ਆਖੇ ਕਿ ਚੰਗੇ ਕਪੜੇ ਨ ਪਾਉਂਣਾ ਫ਼ਕੀਰਾਂ ਦੀ ਅਲਾਮਤ ਹੈ, ਬਜ਼ੁਰਗਾਂ ਦੀ ਨਿਸ਼ਾਨੀ ਹੈ ਤਾਂ ਅਸੀਂ ਉਸਨੂੰ ਇਸ ਹਦੀਸ ਦਾ ਹਵਾਲਾ ਦੇਕੇ ਦੱਸ ਸਕਦੇ ਹਾਂ ਕਿ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਜੁਮਏ ਦੇ ਦਿਨ ਅਤਿਅੰਤ ਆਦੇਸ਼ਕ ਰੂਪ ਵਿੱਚ ਸਫ਼ਾਈ ਕਰਦੇ ਅਤੇ ਚੰਗੇ ਤੇ ਉਤੱਮ ਲਿਬਾਸ ਪਹਿਨਦੇ ਸਗੋਂ ਆਪ ਸਫ਼ਾਈ ਦਾ ਐਨ੍ਹਾ ਪ੍ਰਤੀਬੰਧ ਰਖਦੇ ਐਨ੍ਹੀ ਪਾਬੰਦੀ ਕਰਦੇ ਕਿ ਕਈ ਸੂਫ਼ੀਆਂ ਜਿਵੇਂ ਕਿ ਸ਼ਾਹ ਵਲੀਉਲੱਾਹ ਸਾਹਬ ਮੁਹੱਦਿੱਸ ਦਿਹਲਵੀ ਬੀਤੇ ਹਨ ਇਹ ਤਰੀਕਾ ਅਪਣਾਇਆ ਹੋਇਆ ਸੀ ਕਿ ਉਹ ਪ੍ਰਤੀਦਿਨ ਨਵਾਂ ਕਪੜਾ

ਪਾਉਂਦੇ ਸਨ ਭਾਵੇਂ ਧੋਤਾ ਹੋਵੇ ਜਾਂ ਬਿਲਕੁਲ ਨਵਾਂ ਹੋਵੇ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੇ ਸੁਭਾਵ ਵਿੱਚ ਬਹੁਤ ਸਾਦਗੀ ਸੀ ਬਹੁਤ ਸਾਰੀਆਂ ਗੱਲਾਂ ਦਾ ਉਹਨਾਂ ਨੂੰ ਖ਼ਿਆਲ ਨਹੀਂ ਰਹਿੰਦਾ ਸੀ ਅਤੇ ਕੰਮ ਬਹੁਤ ਸਨ । ਇਸ ਲਈ ਕਈ ਵਾਰ ਜੁਮਏ ਦੇ ਦਿਨ ਆਪ ਕਪੜੇ ਬਦਲਨਾ ਅਤੇ ਨਹਾਉਣਾ ਭੁੱਲ ਜਾਂਦੇ ਸਨ ਅਤੇ ਉਹਨਾਂ ਹੀ ਵਸਤਰਾਂ ਵਿੱਚ ਜੋ ਆਪ ਨੇ ਪਾਏ ਹੁੰਦੇ ਸਨ ਜੁਮਆ ਪੜ੍ਹਨ ਵੀ ਚਲੇ ਜਾਂਦੇ ਸਨ । ਹੁਣ ਇਹ ਸਾਦਗੀ ਸੀ ਇਹ ਕੋਈ ਪ੍ਰਗਟਾਵਾ ਨਹੀਂ ਸੀ ਕਿ ਅਵਸ਼ ਹੀ ਫ਼ਕੀਰਾਂ ਵਾਲਾ ਵਸਤਰ ਹੋਣਾ ਚਾਹੀਦਾ ਹੈ, ਅਜਿਹਾ ਜਾਂ ਬਜ਼ੁਰਗ ਅਖਵਾਉਣ ਲਈ ਜ਼ਰੂਰੀ ਹੈ ਕਿ ਵਸਤਰ ਨ ਬਦਲੇ ਜਾਣ ਸਗੋਂ ਕੰਮ ਦੀ ਵਧੀਕੀ ਕਰਕੇ ਖ਼ਿਆਲ ਨਹੀਂ ਰਹਿੰਦਾ ਸੀ, ਪਰ ਹੁਣ ਸਾਡੇ ਜੁੱਗ ਵਿੱਚ ਸੂਫ਼ੀ ਦੇ ਇਹ ਅਰਥ ਕੱਢ ਲਏ ਗਏ ਹਨ ਕਿ ਮਨੁੱਖ ਉਜੜਿਆ ਰਹੇ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਸ ਗੱਲ ਦਾ ਵਜ਼ਨ ਜੇਕਰ ਬਣਾਇਆ ਜਾਵੇ ਤਾਂ ਇਉਂ ਬਣੇਗਾ ਜਿੰਨ੍ਹਾ ਗੰਦਾ ਓਨ੍ਹਾ ਰੱਬ ਦਾ ਬੰਦਾ । ਜੱਦ ਕਿ ਮਨੁੱਖ ਜਿੰਨ੍ਹਾ ਗੰਦਾ ਹੋਵੇ ਓਨ੍ਹਾ ਹੀ ਰੱਬ ਤੋਂ ਦੂਰ ਹੁੰਦਾ ਹੈ । ਇਸੇ ਲਈ ਸਾਡੀ ਸ਼ਰੀਅਤ ਨੇ ਅਨੇਕਾਂ ਹੀ ਮੌਕਿਆਂ'ਤੇ ਨਹਾਉਣਾ (ਇਸ਼ਨਾਨ) ਵਾਜਬ ਕੀਤਾ ਹੈ ਅਤੇ ਖ਼ੁਸ਼ਬੋ ਲਾਉਣ ਦੀ ਹਿਦਾਇਤ ਕੀਤੀ ਹੈ ਅਤੇ ਬਦਬੋਦਾਰ ਚੀਜਾਂ ਖਾਕੇ ਸਭਾ (ਸੰਗਤ) ਵਿੱਚ ਆਉਣ ਦੀ ਮਨਾਹੀ ਕੀਤੀ ਹੈ । ਮਸਜਿਦ ਵਿੱਚ ਆਉਣ ਦੀ ਮਨਾਹੀ ਹੈ । ਭਾਵ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਜੀਵਨ ਸ਼ੈਲੀ ਤੋਂ ਲਾਭ ਉਠਾਉਂਦੀ ਚਲੀ ਆਈ ਅਤੇ ਉਠਾਉਂਦੀ ਚਲੀ ਆਏਗੀ ਹਜ਼ਰਤ ਮਸੀਹ ਮੌਊਦ ਅਲਹਿਸਲਾਮ ਦੇ ਹਾਲਾਤਾਂ ਤੋਂ ਵੀ ਲਾਭ ਓਠਾਏਗੀ ਅਤੇ ਸਾਡਾ ਕਰਤਵ ਹੈ ਕਿ ਅਸੀਂ ਇਹਨਾ ਨੂੰ ਇਕਤੱਰ ਕਰ ਦੇਈਏ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਕ ਨੌਜੁਆਨ ਨੇ ਮੈਨੂੰ ਦੱਸਿਆ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸਹਾਬੀ ਹਾਂ ਪਰ ਮੈਨੂੰ ਸਿਵਾਏ ਇਸ ਦੇ ਹੋਰ ਕੁਝ ਵੀ ਚੇਤੇ ਨਹੀਂ ਕਿ ਇਕ ਦਿਨ ਜੱਦ ਮੈਂ ਛੋਟਾ ਜਿਹਾ ਸੀ ਮੈਂ ਹਜ਼ਰਤ ਮਸੀਹ ਮੌਊਦ ਅਲੈਅਹਿ ਸਲਾਮ ਦਾ ਹੱਥ ਫ਼ੜ੍ਹ ਲਿਆ ਅਤੇ ਆਪ ਨਾਲ ਹੱਥ ਮਿਲਾਇਆ ਅਤੇ ਥੋੜੀ ਦੇਰ ਤੱਕ ਆਪ ਦਾ ਹੱਥ ਫ਼ੜੀ ਰੱਖਿਆ, ਕੁਝ ਦੇਰ ਬਾਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਹੱਥ ਛੁਡਾ ਕੇ ਆਪਣੇ ਕਿਸੇ ਹੋਰ ਕੰਮ ਵਿੱਚ ਲੀਨ ਹੋ ਗਏ । ਹੁਣ ਦੇਖਣ ਨੂੰ ਇਹ ਇਕ ਛੋਟੀ ਜਿਹੀ ਗੱਲ ਹੈ ਪਰ ਬਾਦ ਵਿੱਚ ਇਹਨਾਂ ਹੀ ਛੋਟੀਆਂ ਛੋਟੀਆਂ ਗੱਲਾਂ ਨਾਲ ਵੱਡੇ ਵੱਡੇ ਮਹਤੱਵਪੂਰਨ ਸਿੱਟੇ ਕੱਢੇ ਜਾਣਗੇ । ਉਧਾਰਣ ਲਈ ਇਹੋ ਗੱਲ ਲੈ ਲਓ । ਇਸ ਤੋਂ ਇਕ ਗੱਲ ਇਹ ਸਿੱਧ ਹੋਵੇਗੀ ਕਿ ਛੋਟੇ ਬੱਚਿਆਂ ਨੂੰ ਵੀ ਬਜ਼ੁਰਗਾਂ ਦੀ ਸਭਾ ਵਿੱਚ ਲਿਆਉਣਾ ਚਾਹੀਦਾ ਹੈ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਲੋਕ ਆਪਣੇ ਬੱਚਿਆਂ ਨੂੰ ਵੀ ਆਪ ਦੀ ਸਭਾ ਵਿੱਚ ਲਿਆਉਂਦੇ ਸਨ । ਸੰਭਵ ਹੈ ਕਿ ਭਵਿੱਖ ਵਿੱਚ ਕਿਸੇ ਜੁੱਗ ਵਿੱਚ ਅਜਿਹੇ ਲੋਕ ਵੀ ਪੈਦਾ ਹੋ ਜਾਣ ਜੋ ਕਹਿਣ ਕਿ ਬੱਚਿਆਂ ਨੂੰ ਬਜ਼ੁਰਗਾਂ ਦੀ ਸਭਾ ਵਿੱਚ ਲਿਆਉਣ ਦਾ ਕੀ ਲਾਭ ਹੈ ਇਹਨਾਂ ਸਭਾਵਾਂ ਵਿੱਚ ਕੇਵਲ ਵੱਡਿਆਂ ਨੂੰ ਭਾਗ ਲੈਣਾ ਚਾਹੀਦਾ ਹੈ । ਕਿਉਂਕਿ ਜੱਦ ਫ਼ਲਸਫ਼ਾ ਆਉਂਦਾ ਹੈ ਤਾਂ ਬਹੁਤ ਸਾਰੀਆਂ ਗੱਲਾਂ ਪੈਦਾ ਹੋ ਜਾਂਦੀਆ ਹਨ ਅਤੇ ਕਹਿਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਕਿ ਬੱਚਿਆਂ ਨੇ ਕੀ ਕਰਨਾ ਹੈ । ਸੋ, ਜੱਦ ਵੀ ਇਹ ਵਿਚਾਰ ਪੈਦਾ ਹੋਵੇਗਾ ਇਹ ਰਿਵਾਇਤ ਉਹਨਾਂ ਦੇ ਵਿਚਾਰਾਂ ਨੂੰ ਨਿਗੂਣਾ ਕਰ ਦੇਵੇਗੀ ਅਤੇ ਫਿਰ ਇਸ ਦੀ ਵਧੇਰੇ ਪੱਖ ਪੂਰਤੀ ਇਉਂ ਹੋ ਜਾਵੇਗੀ ਕਿ ਹਦੀਸਾਂ ਵਿੱਚ ਲਿੱਖਿਆ ਹੈ ਕਿ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਸਭਾ ਵਿੱਚ ਵੀ ਸਹਾਬਾ ਆਪਣੇ ਬੱਚਿਆ ਨੂੰ ਲਿਆਉਂਦੇ ਸਨ । ਇਸੇ ਪ੍ਰਕਾਰ ਇਸ ਰਿਵਾਇਤ ਤੋਂ ਇਹ ਵੀ ਪ੍ਰਕਟ ਹੁੰਦਾ ਹੈ ਕਿ ਜੱਦ ਕੋਈ ਕੰਮ ਹੋਵੇ ਤਾਂ ਆਪਣੇ ਹੱਥ ਛੁਡਾ ਕੇ ਕੰਮ ਵਿੱਚ ਲੀਨ ਹੋਣਾ ਚਾਹੀਦਾ ਹੈ । ਅੱਜ ਅਸੀਂ ਇਹਨਾਂ ਗੱਲਾਂ ਦੀਆਂ ਮਹਤੱਾਵਾਂ ਨੂੰ ਨਹੀਂ ਸਮਝਦੇ ਪਰ ਜੱਦ ਅਹਮਦੀ ਨਿਆਏਸ਼ਾਸਤਰ, ਅਹਮਦੀ ਵਿਚਾਰਧਾਰਾ ਅਤੇ ਅਹਮਦੀ ਫ਼ਲਸਫ਼ਾ ਬਣੇਗਾ ਤਾਂ ਉਸ ਸਮੇਂ ਇਹ ਮਮੂਲੀ ਦਿਖਣ ਵਾਲੀਆਂ ਗੱਲਾਂ ਮਹਤੱਵਪੂਰਨ ਹਵਾਲੇ ਮਿੱਥੇ ਜਾਣਗੇ ਅਤੇ ਅੱਜ ਵੀ ਇਹਨਾਂ ਦੀ ਲੋੜ ਅਨੁਭਵ ਕੀਤੀ ਜਾਂਦੀ ਹੈ । ਅਤੇ ਵੱਡੇ ਵੱਡੇ ਫਲਸਫ਼ੀ ਜੋ ਇਹਨਾ ਗੱਲਾਂ ਨੂੰ ਪੜ੍ਹਨਗੇ ਤਾਂ ਉਛੱਲ ਪੈਣਗੇ ਅਰਥਾਤ ਹੈਰਾਨੀ ਅਤੇ ਖ਼ੁਸ਼ੀ ਨਾਲ ਉਛੱਲ ਪੈਣਗੇ ਅਤੇ ਕਹਿਣਗੇ ਕਿ ਰੱਬ ਇਸ ਰਿਵਾਇਤ ਨੂੰ ਵਰਨਣ ਕਰਨ ਵਾਲੇ ਨੂੰ ਚੰਗਾ ਵਟਾਂਦਰਾ ਪ੍ਰਦਾਨ ਕਰੇ, ਉਸਨੇ ਸਾਡੀ ਗੁੰਝਲਦਾਰ ਸਮੱਸਿਆ ਸੁਲਝਾ ਦਿੱਤੀ । ਜੱਦ ਅਜਿਹੀਆਂ ਸਮੱਸਿਆਵਾਂ ਸਾਹਮਣੇ ਆਉਣਗੀਆਂ ਅਜਿਹੀਆਂ ਗੱਲਾਂ ਸਾਹਮਣੇ ਆਉਣਗੀਆਂ ਜਿੰਨ੍ਹਾ ਤੋਂ ਸਮਸਿਆਵਾਂ ਹਲ ਹੁੰਦੀਆਂ ਹੋਣਗੀਆਂ ਤਾਂ ਫ਼ਲਸਫ਼ੀ ਏਧਰ ਓਧਰ ਦੇਖਣ ਦੀ ਥਾਂ ਜਿੰਨ੍ਹਾ ਨੂੰ ਧਰਮ ਨਾਲ ਸੰਬੰਧ ਹੈ ਉਹ ਉਸ ਨੂੰ ਦੁਆ ਦੇਣਗੇ, ਇਸ ਰਿਵਾਇਤ ਨੂੰ ਵਰਨਣ ਕਰਨ ਵਾਲੇ ਨੂੰ । ਫਿਰ ਆਪ ਫ਼ਰਮਾਉਂਦੇ ਹਨ । ਇਹ ਅਜਿਹੀ ਗੱਲ ਹੈ ਜਿਵੇਂ ਅਸੀਂ ਹਦੀਸਾਂ ਵਿੱਚ ਪੜ੍ਹਦੇ ਹਾਂ ਕਿ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਇਕ ਵਾਰ ਸਜੱਦੇ ਵਿੱਚ ਗਏ ਤਾਂ ਹਜ਼ਰਤ ਹਸਨ ਰਜ਼ੀ ਅਲੱਾਹ ਅਨਹੁ ਜੋ ਉਸ ਸਮੇਂ ਛੋਟੇ

ਬੱਚੇ ਸਨ ਆਪ ਦੀ ਗਰਦਨ ਉਪੱਰ ਲਤੱਾਂ ਲਮਕਾ ਕੇ ਬੈਠ ਗਏ ਅਤੇ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਉਸ ਸਮੇਂ ਤੱਕ ਸਿਰ ਨ ਚੁੱਕਿਆ ਜੱਦ ਤੱਕ ਉਹ ਆਪਣੇ ਆਪ ਉਠਕੇ ਵੱਖਰੇ ਨਹੀਂ ਹੋ ਗਏ । ਹੁਣ ਜੇਕਰ ਕੋਈ ਅਜਿਹੀ ਹਰਕਤ ਕਰੇ ਤਾਂ ਸੰਭਵ ਹੈ ਕਿ ਲੋਕ ਉਸ ਨੂੰ ਬੇਦੀਨ (ਅਧਰਮੀ) ਕਰਾਰ ਦੇ ਦੇਣ ਅਤੇ ਕਹਿਣ ਕਿ ਉਸ ਨੂੰ ਰੱਬ ਦੀ ਇਬਾਦਤ ਦਾ ਖ਼ਿਆਲ ਨਹੀਂ ਆਪਣੇ ਬੱਚੇ ਦੇ ਅਹਿਸਾਸਾਂ ਦਾ ਖ਼ਿਆਲ ਹੈ ਪਰ ਅਜਿਹਾ ਮਨੁੱਖ ਜੱਦ ਇਕ ਗੱਲ ਪੜ੍ਹੇਗਾ ਉਸ ਨੂੰ ਮਨ੍ਹਣਾ ਪਏਗਾ ਕਿ ਉਸ ਦਾ ਵਿਚਾਰ ਗਲਤ ਹੈ ਅਤੇ ਉਹ ਚੁੱਪ ਕਰ ਜਾਵੇਗਾ ਕਿਉਂਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਉਧਾਰਣ ਸਾਹਮਣੇ ਹੈ । ਫ਼ਰਮਾਉਂਦੇ ਹਨ ਕਿ ਤੁਹਾਨੂੰ ਹਜ਼ਰਤ ਮਸੀਹ ਮੌਊਦ ਅਲਅਿਹ ਸਲਾਮ ਦੀ ਜਿਸ ਗੱਲ ਦਾ ਗਿਆਨ ਹੈ ਭਾਵੇਂ ਉਹ ਛੋਟੀ ਜਿਹੀ ਹੈ ਸਗੋਂ ਉਹ ਕਿੰਨ੍ਹੀ ਵੀ ਛੋਟੀ ਜਿਹੀ ਕਿਉਂ ਨ ਹੋਵੇ ਦੱਸ ਦੇਣੀ ਚਾਹੀਦੀ ਹੈ । ਭਾਵੇਂ ਐਨ੍ਹੀ ਹੀ ਗੱਲ ਹੋਵੇ ਕਿ ਮੈਂ ਦੇਖਿਆ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਚਲਦੇ ਚਲਦੇ ਘਾਹ ਉਪੱਰ ਬੈਠ ਗਏ ਕਿਉਕਿ ਇਹਨਾਂ ਗੱਲਾਂ ਤੋਂ ਵੀ ਬਾਦ ਵਿੱਚ ਅਸੀਂ ਸਿੱਟੇ ਕੱਢਾਂਗੇ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਵਾਰ ਮਿਤੱਰਾਂ ਸਣੇ ਬਾਗ਼ ਵਿੱਚ ਗਏ ਅਤੇ ਆਪ ਨੇ ਫ਼ਰਮਾਇਆ ਆਓ ਬੇਦਾਨਾ ਖਾਈਏ (ਜੋ ਕਿ ਤੂਤ ਦੀ ਇਕ ਕਿਸਮ ਹੈ) ਸੋ, ਕੁਝ ਮਿਤੱਰਾਂ ਨੇ ਚਾਦਰ ਵਿਛਾਈ ਅਤੇ ਆਪ ਨੇ ਰੁੱਖ ਝੜਵਾਏ ਅਤੇ ਫਿਰ ਸਾਰੇ ਇਕ ਥਾਂ ਬਹਿ ਗਏ ਅਤੇ ਉਹਨਾਂ ਨੇ ਬੇਦਾਨਾ ਖਾਧਾ । ਜੱਦ ਵੱਡੇ ਵੱਡੇ ਅਹੰਕਾਰੀ ਹਾਕਮ ਆਉਣਗੇ ਅਤੇ ਦੂਜਿਆਂ ਨਾਲ ਬਹਿਕੇ ਕੁਝ ਖਾਣ ਪੀਣ ਵਿੱਚ ਹਤੱਕ ਅਨੁਭਵ ਕਰਨਗੇ ਤਾਂ ਉਹਨਾਂ ਸਾਹਮਣੇ ਇਹ ਪੇਸ਼ ਕਰ ਸਕਣਗੇ ਕਿ ਹਜ਼ਰਤ ਮਸੀਹ ਮੌਊਦ ਅਲਹਿਸਲਾਮ ਤਾਂ ਨਿਹਸੰਕੋਚ ਆਪਣੇ ਮਿਤੱਰਾਂ ਨਾਲ ਖਾਧਾ ਪੀਤਾ ਕਰਦੇ ਸਨ ਤੁਸੀਂ ਕੌਣ ਹੋ ਜੋ ਇਸ ਵਿੱਚ ਆਪਣੀ ਹਤੱਕ ਅਨੁਭਵ ਕਰਦੇ ਹੋ । ਸੋ, ਕੁਝ ਗੱਲਾਂ ਛੋਟੀਆਂ ਹੁੰਦੀਆਂ ਹਨ ਪਰ ਉਹਨਾਂ ਵਿੱਚੋਂ ਭਵਿੱਖ ਦੇ ਜੁੱਗਾਂ ਵਿੱਚ ਵੱਡੇ ਮਹਤੱਵਪੂਰਨ ਧਾਰਮਕ, ਰਾਜਨੀਤਕ ਤੇ ਸਮਾਜਕ ਮਾਮਲੇ ਹਲ ਹੁੰਦੇ ਹਨ ।

ਆਪ ਅਰਥਾਤ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸ਼ਕਲ ਦੇਖਣ ਜਾਂ ਆਪ ਦੀ ਸੰਗਤ ਵਿੱਚ ਬੈਠਣ ਦਾ ਮੌਕਾ ਮਿਲਿਆ ਹੋਵੇ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਹਰ ਗੱਲ ਚੰਗੀ ਤਰ੍ਹਾਂ ਭਾਵੇਂ ਉਹ ਛੋਟੀ ਹੋਵੇ ਜਾਂ ਵੱਡੀ ਲਿੱਖ ਕੇ ਸੁਰੱਖਿਅਤ ਤਰ ਦੇਣ । ਉਧਾਰਣ ਲਈ ਕੋਈ ਮਨੁੱਖ ਅਜਿਹਾ ਹੈ ਜਿਸਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਸਤਰਾਂ ਦਾ ਢੰਗ ਬਹੁਤਾ ਹੈ ਤਾਂ ਉਹ ਵੀ ਲਿੱਖ ਕੇ ਭੇਜ ਦੇਵੇ । ਆਪ ਨੇ ਇਸ ਜੁੱਗ ਵਿੱਚ ਫ਼ਰਮਾਇਆ ਕਿ ਅਤੇ ਫਿਰ ਬਾਦ ਦੇ ਸਹਾਬਾ ਨੇ ਆਪਣੀਆਂ ਰਿਵਾਇਤਾਂ ਇਕਤੱਰ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਲਿਖੱਵਾਉਂਣੀਆਂ ਵੀ ਸ਼ੁਰੂ ਕਰ ਦਿੱਤੀਆਂ ਅਤੇ ਬਹੁਤ ਸਾਰੀਆਂ ਗਲੱਾਂ ਦੇ ਰਜਿਸਟਰ ਬਣ ਗਏ ਹਨ ਸਹਾਬਾ ਦੀਆਂ ਰਿਵਾਇਤਾਂ ਉਹਨਾਂ ਨੂੰ ਇਕ ਵਾਰ ਵਰਨਣ ਵੀ ਕਰ ਚੁਕਿਆਂ ਹਾਂ । ਬਹਿਰਹਾਲ ਇਹ ਰਿਵਾਇਤਾਂ ਇਕੱਤਰ ਹੋ ਰਹੀਆਂ ਹਨ ਇੰਸ਼ਾਅਲੱਾਹ ਜਮਾਤ ਦੇ ਸਾਹਣੇ ਵੀ ਪੇਸ਼ ਹੋ ਜਾਣਗੀਆਂ ਕਿਸੇ ਸਮੇਂ ।

ਹਜ਼ਰਤ ਮੁਸਲਿਹ ਮੌਊਦ ਫ਼ਰਮਾਂਉਂਦੇ ਹਨ ਕਿ ਇਹਨਾਂ ਰਿਵਾਇਤਾਂ ਦਾ ਇਕ ਹੋਰ ਵੀ ਲਾਭ ਹੋਵੇਗਾ ਕਿ ਭਵਿੱਖ ਵਿੱਚ ਜੇਕਰ ਕਿਸੇ ਜੁੱਗ ਵਿੱਚ ਅਜਿਹੇ ਲੋਕ ਪੈਦਾ ਹੋ ਜਾਣ ਜੋ ਆਖਣ ਕਿ ਉਧਾਰਣ ਲਈ ਇਕ ਛੋਟੀ ਜਿਹੀ ਗੱਲ ਹੈ ਨੰਗੇ ਸਿਰ ਰਹਿਣਾ ਚਾਹੀਦਾ ਹੈ, ਉਹਨਾਂ ਦੇ ਵਿਚਾਰ ਦਾ ਹਲ ਹੋ ਸਕੇ । ਇਸ ਵਿੱਚ ਕੋਈ ਸੰਦੇਹ ਨਹੀਂ ਕਿ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੀਆਂ ਹਦੀਸਾਂ ਮੌਜੂਦ ਹਨ ਕਿ ਹੁਣ ਇਕ ਛੋਟੀ ਕਿਹੀ ਗੱਲ ਨੰਗੇ ਸਿਰ ਰਹਿਣਾ ਵੀ ਹੈ । ਆਮ ਲੋਕ ਨਮਾਜ਼ਾਂ ਆਦਿ ਨੰਗੇ ਸਿਰ ਪੜ੍ਹਦੇ ਹਨ, ਕਈ ਵਾਰ ਪੜ੍ਹ ਲੈਂਦੇ ਹਨ ਤਾਂ ਇਹਨਾਂ ਰਿਵਾਇਤਾਂ ਤੋਂ ਇਸ ਵੱਲ ਵੀ ਧਿਆਨ ਜਾਂਦਾ ਹੈ ਕਿਉਂਕਿ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਵੀ ਹਨ ਜਿਸ ਵਿੱਚ ਮਸਜਿਦ ਦੇ ਅਦਾਬ, ਨਮਾਜ਼ ਦੇ ਅਦਾਬ, ਵੱਡੀ ਸਭਾ (ਸੰਗਤ) ਵਿੱਚ ਬੈਠਣ ਦੇ ਅਦਾਬ ਦਾ ਵਰਨਣ ਮਿਲਦਾ ਹੈ । ਤਾਂ ਆਪ ਫ਼ਰਮਾਉਂਦੇ ਹਨ ਕਿ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਦੀਆਂ ਹਦੀਸਾਂ ਮੌਜੂਦ ਹਨ ਅਤੇ ਆਪ ਹੀ ਸ਼ਰੀਅਤ ਵਾਲੇ ਨਬੀ ਹਨ ਅਰਥਾਤ ਸ਼ਰੀਅਤ ਅਰੰਭ ਕਰਨ ਵਾਲੇ ਆਪ ਹੀ ਹਨ । ਪਰ ਇਸ ਵਿੱਚ ਵੀ ਕੋਈ ਸ਼ੰਕਾ ਨਹੀਂ ਕਿ ਕਿ ਨੇੜੇ ਦੇ ਸੁਧਾਰਕ ਦੀਆਂ ਗੱਲਾਂ ਸ਼ਰੀਅਤ ਵਾਲੇ ਨਬੀ ਦੀਆਂ ਗੱਲਾਂ ਦੀ ਤਸਦੀਕ ਸਮਝੀਆਂ ਜ਼ਾਂਦੀਆਂ ਹਨ ਅਤੇ ਉਹਨਾਂ ਦੀ ਤਸਦੀਕ ਕਰਨ ਵਾਲੀਆਂ ਹੁੰਦੀਆਂ ਹਨ । ਅੱਜ ਕੱਲ ਇਹ ਕਿਹਾ ਜਾਂਦਾ ਹੈ ਕਿ ਜਿੰਨ੍ਹਾ ਫਿਕਾਹ (ਨਿਆਏ ਸ਼ਾਸਤਰ) ਦੀਆਂ ਗੱਲਾਂ ਉਪੱਰ ਇਮਾਮ ਅਬੂਹਨੀਫ਼ਾ ਨੇ ਅਮਲ ਕੀਤਾ ਉਹ ਬਹੁਤੀਆਂ ਠੀਕ ਹਨ । ਇਸੇ ਪ੍ਰਕਾਰ ਭਵਿੱਖ

ਦੇ ਜੁਗਾਂ ਵਿੱਚ ਰਸੂਲੇਮਰੀਮ ਸਲਲੱਾਹੁ ਅਲੈਹਿ ਵਸਲਅਮ ਦੀਆਂ ਜਿੰਨ੍ਹਾ ਹਦੀਸਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਅਮਲਾਂ ਨਾਲ ਸਚੱਾ ਕਰਾਰ ਦਿੱਤਾ ਉਹਨਾਂ ਨੂੰ ਹੀ ਲੋਕ ਸੱਚੀਆਂ ਹਦੀਸਾਂ ਸਮਝਣਗੇ ਅਤੇ ਜਿੰਨ੍ਹਾ ਹਦੀਸਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਸੰਰਚਨਾਤਮਕ ਦੱਸਿਆ ਅਰਥਾਤ ਆਪ ਘੜੀਆਂ ਦੱਸਿਆ ਜਾਂ ਸਵਸਥ ਨਹੀਂ ਹਨ ਉਹਨਾਂ ਦੀਆਂ ਹਦੀਸਾਂ ਨੂੰ ਲੋਕ ਝੂਠਾ ਸਮਝਣਗੇ । ਸੋ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੀਆਂ ਇਹ ਗੱਲਾਂ ਵੀ ਅਜਿਹੀਆਂ ਹੀ ਮਹਤੱਵਪੂਰਨ ਹਨ ਜਿਵੇਂ ਕਿ ਹਦੀਸਾਂ ਕਿਉਂਕਿ ਇਹ ਗੱਲਾਂ ਹਦੀਸਾਂ ਦੀ ਸਚੱਾਈ ਜਾਂ ਝੂਠ ਗਿਆਤ ਕਰਨ ਦਾ ਇਕ ਮਿਆਰ ਹੋਣਗੀਆਂ ।

ਇਸੇ ਬਾਰੇ ਆਪ ਫ਼ਰਮਾਉਂਦੇ ਹਨ ਕਿ ਇਮਾਮ ਬੁਖ਼ਾਰੀ ਦੀ ਅੱਜ ਦੁਨੀਆ ਵਿੱਚ ਕਿੰਨ੍ਹੀ ਮਾਨਤਾ ਹੈ । ਮਾਨਤਾ ਇਸ ਲਈ ਹੈ ਕਿ ਉਹਨਾਂ ਨੇ ਦੂਜਿਆਂ ਤੋਂ ਰਿਵਾਇਤਾਂ ਇਕਤੱਰ ਕੀਤੀਆਂ ਹਨ । ਇਸ ਲਈ ਜੋ ਸਹਾਬਾ ਦੀ ਸੰਤਾਨ ਹੈ ਜੇਕਰ ਉਸ ਦੇ ਕੋਲ ਰਿਵਾਇਤਾਂ ਹੋਣ ਤਾਂ ਉਹਨਾਂ ਨੂੰ ਵੀ ਅੱਗੇ ਦੇਣੀਆਂ ਚਾਹੀਦੀਆਂ ਹਨ ਜੇਕਰ ਉਹਨਾਂ ਦਾ ਸਵਸਥ ਹੋਣਾ ਬਾਕੀ ਦੀਆਂ ਰਿਵਾਇਤਾਂ ਤੋਂ ਪ੍ਰਮਾਣਤ ਹੋ ਗਿਆ ਤਾਂ ਉਹਨਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਹੋ ਸਕਦਾ ਹੈ ਕਿ ਕਈ ਰਿਵਾਇਤਾਂ ਪੂਰਨਤਾ ਰਜਿਸਟਰ ਵਿੱਚ ਨ ਆਈਆਂ ਹੋਣ ਅਤੇ ਸਹਾਬਾ ਦੇ ਪਰਿਵਾਰਾਂ ਵਿੱਚ ਇਹ ਰਿਵਾਇਤਾਂ ਚਲੀਆਂ ਆ ਰਹੀਆਂ ਹੋਣ ਤਾਂ ਉਹ ਲਿੱਖਕੇ ਭਿਜਵਾ ਸਕਦੇ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਹਰ ਗੱਲ ਹੀ ਵਿਦਿਅਕ ਪੱਖ ਰੱਖਦੀ ਹੈ ਜੋ ਸਾਡੇ ਲਈ ਜ਼ਰੂਰੀ ਹੈ ਅਤੇ ਕਰਮ ਰੂਪੀ ਸੁਧਾਰ ਲਈ ਵੀ ਜ਼ਰੂਰੀ ਹੈ ਕਿਉਂਕਿ ਇਸ ਵਿੱਚ ਸੀਖ ਦੇ ਅਨੇਕਾਂ ਹੀ ਪੱਖ ਨਿਕਲ ਆਉਂਦੇ ਹਨ । ਕੁਰਆਨ ਕਰੀਮ ਦੀ ਆਇਤ ਦੀ ਵਿਆਖਿਆ ਹੋ ਜਾਂਦੀ ਹੈ, ਹਦੀਸਾਂ ਦੀ ਵਿਆਖਿਆ ਹੋ ਜਾਂਦੀ ਹੈ ਅਤੇ ਇਸ ਤੋਂ ਸਾਨੂੰ ਭਰਪੂਰ ਲਾਭ ਹੁੰਦਾ ਹੈ । ਜੋ ਵੀ ਅਹਮਦੀ ਇਸ ਨੂੰ ਸੁਣੇਗਾ ਕਿਸੇ ਰਾਹੀਂ ਸੁਣੇਗਾ ਲਾਭ ਉਠਾਏਗਾ ਅਤੇ ਫਿਰ ਨਿਸ਼ਚੇ ਹੀ ਇਕਤੱਰ ਕਰਨ ਵਾਲਿਆਂ ਲਈ ਵੀ ਦੁਆਵਾਂ ਕਰੇਗਾ । ਸੋ, ਇਹ ਇਕ ਬਹੁਤ ਹੀ ਮਹਤੱਵਪੂਰਨ ਚੀਜ ਹੈ ਜੋ ਕਈ ਵਾਰ ਮਨੁੱਖ ਇਸ ਉਪੱਰ ਪੂਰਾ ਧਿਆਨ ਨਹੀਂ ਦਿੰਦਾ । ਇਕ ਘਟਨਾ ਹੋਰ, ਮੈਂ ਇਸ ਸਮੇਂ ਵਰਨਣ ਕਰਦਾ ਹਾਂ ਜੋ ਅੱਜ ਵੀ ਕਈ ਪ੍ਰਸ਼ਨਕਾਰੀਆਂ ਦਾ ਉਤੱਰ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਅਰੰਭ ਤੋਂ ਹੀ ਇਸਲਾਮ ਦੀ ਤਰੱਕੀ ਦੀ ਬਹੁਤ ਤੜਪ (ਤਾਂਘ) ਸੀ ਅਤੇ ਚਾਹੁੰਦੇ ਸਨ ਕਿ ਮੁਸਲਮਾਨ ਆਪਣੀ ਹਾਲਤ ਠੀਕ ਕਰਨ ਅਤੇ ਕਰਮ ਰੂਪੀ ਅਵਸਥਾ ਠੀਕ ਕਰਨ ਲਈ ਸਭ ਤੋਂ ਜ਼ਰੂਰੀ ਚੀਜ਼ ਜੋ ਹੈ ਉਹ ਰੱਬ ਦੀ ਇਬਾਦਤ ਵੱਲ ਧਿਆਨ ਦੇਣਾ ਹੈ, ਨਮਾਜ਼ਾਂ ਪੜ੍ਹਨਾ ਹੈ । ਇਸ ਲਈ ਆਪ ਨੇ ਕਾਦੀਆਂ ਦੇ ਰਹਿਣ ਵਾਲੇ ਜੋ ਮੁਸਲਮਾਨ ਸਨ ਉਹਨਾਂ ਲਈ ਪ੍ਰਬੰਧ ਕੀਤਾ ਕਿ ਉਹ ਮਸਜਿਦ ਵਿੱਚ ਆਕੇ ਨਮਾਜ਼ ਪੜ੍ਹਿਆ ਕਰਨ । ਆਪ ਵਿਅਕਤੀ ਭੇਜ ਭੇਜ ਕੇ ਉਹਨਾਂ ਨੂੰ ਮਸਜਿਦ ਵਿੱਚ ਬੁਲਵਾਉਂਣਾ ਅਰੰਭ ਕੀਤਾ । ਬਹੁਤੇ ਕਿਰਸਾਨੀ ਪੇਸ਼ੇ ਦੇ ਸਨ ਗ਼ਰੀਬ ਲੋਕ ਸਨ ਉਹਨਾਂ ਨੇ ਇਹ ਉਜ਼ਰ ਕਰਨਾ ਅਰੰਭ ਕਰ ਦਿਤੱਾ ਕਿ ਨਮਾਜ਼ਾਂ ਪੜ੍ਹਨਾ ਧੰਨਵਾਨਾ ਦਾ ਕੰਮ ਹੈ ਸਾਡਾ ਨਹੀਂ । ਅਸੀਂ ਗ਼ਰੀਬ ਲੋਕ ਕਮਾਉਣ ਜਾਂ ਨਮਾਜ਼ਾਂ ਪੜ੍ਹਨ । ਮਜ਼ਦੂਰੀ ਕਰਨ ਜਾਂ ਪੰਜ ਵੇਲੇ ਨਮਾਜ਼ਾਂ ਪੜ੍ਹਦੇ ਰਹਿਣ, ਕਹਿੰਦੇ ਹਨ ਕਿ ਕੰਮ ਨ ਕਰੀਏ ਤਾਂ ਭੁੱਖੇ ਰਹਾਂਗੇ । ਇਸ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਪ੍ਰਬੰਧ ਕੀਤਾ ਕਿ ਠੀਕ ਹੈ ਤੁਸੀਂ ਨਮਾਜ਼ਾਂ ਪੜ੍ਹਨ ਆਇਆ ਕਰੋ ਤੁਹਾਨੂੰ ਇਕ ਸਮੇਂ ਦਾ ਖਾਣਾ ਮਿਲ ਜਾਇਆ ਕਰੇਗਾ । ਸੋ, ਕੁਝ ਦਿਨ ਇਸ ਘੋਸ਼ਣਾ ਦੇ ਬਾਦ ਖਾਣਾ ਖਾਣ ਦੀ ਖ਼ਾਤਰ ਪੰਝੀ ਤੀਹ ਵਿਅਕਤੀ ਮਸਜਿਦ ਵਿੱਚ ਨਮਾਜ਼ ਲਈ ਆ ਜਾਇਆ ਕਰਦੇ ਸਨ ਪਰ ਅੰਤ ਵਿੱਚ ਸੁਸਤ ਹੋ ਗਏ ਅਤੇ ਕੇਵਲ ਮਗ਼ਰਿਬ ਸਮੇਂ ਜਿਸ ਵੇਲੇ ਖਾਣਾ ਵੰਡਿਆ ਜਾਂਦਾ ਸੀ ਉਸ ਸਮੇਂ ਆ ਜਾਂਦੇ ਸਨ । ਅਖੀਰ ਇਹ ਬੰਦ ਕਰਨਾ ਪਿਆ । ਹੁਣ ਆਪ ਫ਼ਰਮਾਉਂਦੇ ਹਨ ਕਿ ਦੇਖੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਹ ਸ਼ੌਕ ਸੀ, ਕਿਸ ਲਈ ? ਕਿ ਇਸਲਾਮ ਦਾ ਵਾਸਤਵਿਕ ਸਵਰੂਪ ਦਿਖਾਈ ਦੇਵੇ । ਸੋ, ਇਸ ਗੱਲ ਨੂੰ ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਤਾਂਘ ਤੇ ਤੜਪ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੀ ਆਪਣੇ ਦਾਵੇ ਤੋਂ ਪਹਿਲਾਂ ਵੀ ਅਤੇ ਬਾਦ ਵਿੱਚ ਵੀ ਵਾਰ ਵਾਰ ਇਸ ਵੱਲ ਧਿਆਨ ਦੁਆਇਆ ਕਿ ਨਮਾਜ਼ਾਂ ਵੱਲ ਆਓ ਜਮਾਤ ਨਾਲ ਨਮਾਜ਼ ਪੜ੍ਹੋ । ਮਸਜਿਦਾ ਅਬਾਦ ਕਰੋ । ਮਸਜਿਦਾਂ ਤਾਂ ਹੁਣ ਸਾਡੀਆਂ ਰੱਬ ਦੀ ਮਿਹਰ ਨਾਲ ਸਾਰੀ ਦੁਨੀਆ ਵਿੱਚ ਹਰ ਥਾਂ ਬਣ ਰਹੀਆਂ ਹਨ । ਪਰ ਉਹਨਾਂ ਦੀ ਵੱਸੋਂ ਲਈ ਜਿਵੇਂ ਧਿਆਨ ਹੋਣਾ ਚਾਹੀਦਾ ਹੈ ਉਹ ਨਹੀਂ ਹੈ । ਕਈ ਥਾਵਾਂ ਤੋਂ ਸ਼ਿਕਾਇਤਾਂ ਆਉਂਦੀਆਂ ਹਨ । ਇਸੇ ਪ੍ਰਕਾਰ ਰਬਵਾ ਵਿੱਚ ਕਾਦੀਆਂ ਵਿੱਚ ਪਾਕਿਸਤਾਨ ਦੀਆਂ ਵੱਖ ਮਸਜਿਦਾਂ ਵਿੱਚ ਓਥੋਂ ਦੇ ਰਹਿਣ ਵਾਲੇ ਅਹਮਦੀ ਹਨ, ਉਹਨਾਂ ਨੂੰ ਚਾਹੀਦਾ ਹੈ ਕਿ

ਆਪਣੀਆਂ ਮਸਜਿਦਾਂ ਨੂੰ ਆਬਾਦ ਕਰਨ । ਇਸੇ ਪ੍ਰਕਾਰ ਦੁਨੀਆ ਦੇ ਹੋਰਨਾ ਦੇਸ਼ਾਂ ਵਿੱਚ ਆਪਣੀਆਂ ਮਸਜਿਦਾਂ ਨੂੰ ਆਬਾਦ ਕਰਨ ਦਾ ਜਤਨ ਕਰਨ । ਦੂਜਾ ਇਸ ਗੱਲ ਦਾ ਵੀ ਏਥੇ ਉੱਤਰ ਮਿਲ ਜਾਂਦਾ ਹੈ, ਇਸ ਇਤਰਾਜ਼ ਦਾ ਵੀ, ਕਈ ਲੋਕ ਕਹਿ ਦਿੰਦੇ ਹਨ ਕਿ ਮੈਂਨੂੰ ਵੀ ਲਿਖੱਦੇ ਹਨ ਕਿ ਮਸੀਤਾਂ ਵਿੱਚ ਲਿਆਉਣ ਲਈ ਨੋਜੁਆਨਾ ਨੂੰ ਲਿਆਉਣ ਲਈ ਓਥੇ ਉਨਹਾਂ ਨੇ ਖੇਡਾਂ ਦਾ ਪ੍ਰਬੰਧ ਕਰ ਦਿੱਤਾ ਹੈ ਕਿ ਲੜਕੇ ਸ਼ਾਮ ਨੂੰ ਆਉਣ ਅਤੇ ਖੇਡਣ । ਭਾਵ ਇਹ ਕਿ ਖੇਡ ਦਾ ਲਾਲਚ ਦੇ ਕੇ ਨਮਾਜ਼ ਪੜ੍ਹਾਈ ਜਾਂਦੀ ਹੈ । ਇਹ ਕੋਈ ਅਜਿਹੀ ਗੱਲ ਨਹੀਂ । ਇਸੇ ਪ੍ਰਕਾਰ ਕਈ ਲੋਕ ਕਹਿੰਦੇ ਹਨ ਕਿ ਕਈ ਫ਼ੰਗਸ਼ਨਾ ਉਪੱਰ ਖਾਣੇ ਦੇ ਪ੍ਰਬੰਧ ਹੁੰਦੇ ਹਨ ਤਾਂ ਲੋਕ ਫ਼ੰਗਸ਼ਨਾ ਉਪੱਰ ਆਉਦੇ ਹਨ ਜਾਂ ਨਮਾਜ਼ਾਂ ਪੜ੍ਹਨ ਲਈ ਆਉਂਦੇ ਹਨ, ਇਸ ਲਈ ਖਾਣਾ ਖਾਂਦੇ ਹਨ । ਇਹ ਤਾਂ ਇਕ ਬਦਜ਼ਨੀ ਹੈ ਜੋ ਲੋਕ ਕਰਦੇ ਹਨ । ਪਰ ਬਹਿਰਹਾਲ ਮਸਜਿਦਾਂ ਦੇ ਨਾਲ ਜਿੱਥੇ ਹਾਲ ਬਣਾਏ ਗਏ ਹਨ ਜਾਂ ਕਈ ਮੁਰਬੀ ਤੇ ਮੁਬੱਲਗ਼ੀਨ ਜੋ ਆਪ ਵੀ ਨੋਜੁਆਨ ਹਨ ਅਤੇ ਖੇਡਣ ਵਾਲੇ ਹਨ, ਉਹਨਾਂ ਨੇ ਗਰਾਉਂਡ ਵਿੱਚ ਖੇਡਣਾ ਸ਼ੁਰੂ ਕੀਤਾ, ਨੌਜੁਆਨਾ ਨੂੰ ਇਕਤੱਰ ਕਰਨਾ ਸ਼ੁਰੂ ਕੀਤਾ । ਇਸ ਤੋਂ ਇਕ ਲਾਭ ਤਾਂ ਅਵਸ਼ ਹੋ ਰਿਹਾ ਹੈ ਕਿ ਮਸਜਿਦਾਂ ਉਸ ਸਮੇਂ ਘੱਟੋ ਘੱਟ ਇਕ ਦੋ ਨਮਾਜ਼ਾਂ ਲਈ ਉਸ ਨੋਜੁਆਨ ਦੀ ਤਵੱਜੁਹ ਵੀ ਪੈਦਾ ਹੁੰਦੀ ਹੈ ਅਤੇ ਮਸਜਿਦਾਂ ਆਬਾਦ ਹੁੰਦੀਆਂ ਹਨ । ਇਸ ਲਈ ਇਹ ਕਹਿਣਾ ਕਿ ਇਹ ਕੋਈ ਜੁਰਮ ਹੈ ਕਿ ਮਸਜਿਦਾਂ ਦੇ ਨਾਲ ਖੇਡਾਂ ਦੇ ਹਾਲ ਕਿਉਂ ਬਣਾਏ ਗਏ ਜਾਂ ਮਸਜਿਦਾਂ ਵਿੱਚ ਲਿਆਉਣ ਲਈ ਕਈ ਫ਼ੰਗਸ਼ਨਾਂ ਵਿੱਚ ਲਿਆਉਣ ਲਈ ਖਾਣੇ ਦੇ ਪ੍ਰਬੰਧ ਕਿਉ ਕੀਤੇ ਗਏ ਇਹ ਗਲਤ ਇਤਰਾਜ਼ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਮਲਾਂ ਤੋਂ ਪ੍ਰਮਾਣਤ ਹੈ ਕਿ ਇਸ ਪ੍ਰਕਾਰ ਹੋ ਸਕਦਾ ਹੈ ਅਤੇ ਹੋਣ ਵਿੱਚ ਕੋਈ ਹਰਜ ਨਹੀਂ ਹੈ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਪੁਰ ਨੂਰ ਨੇ ਦੋ ਮਰਹੂਮੀਨ ਦੀ ਵਫ਼ਾਤ ਦੀ ਸੂਚਨਾ ਦਿੰਦਿਆਂ ਹੋਇਆਂ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ । ਪਹਿਲਾ ਜਨਾਜ਼ਾ ਮੁਕਰੱਮ ਅਲਹਾਜ ਯਾਕੂਬ ਸਾਹਬ ਆਪ ਘਾਨਾ ਦਾ ਹੈ ਜਿੰਨ੍ਹਾ ਦੀ 30 ਅਗਸਤ 2015 ਈ. ਨੂੰ ਵਫ਼ਾਤ ਹੋਈ । ਇਹਨਾਂ ਦੀ ਉਮਰ 100 ਸਾਲ ਤੋਂ ਵੱਧ ਸੀ ਹਜ਼ੂਰ ਅਨਵਰ ਨੇ ਇਹਨਾਂ ਦੀਆਂ ਲੰਮੀਆਂ ਸੇਵਾਵਾਂ, ਸਦਗੁਣਾ ਤੇ ਸੰਤਾਨ ਦਾ ਵਰਨਣ ਕੀਤਾ । ਇਹਨਾਂ ਦੇ ਦੋ ਪੁਤੱਰ ਵੀ 'ਵਾਕਫ਼ੇ ਜ਼ਿੰਦਗੀ' ਹਨ । ਇਕ ਕੇਂਦਰੀ ਮੁਬਲੱਗ਼ ਹਨ, ਦੂਜੇ ਲੋਕਲ ਮਿਸ਼ਨਰੀ ਹਨ । ਦੂਜਾ ਜਨਾਜ਼ਹ ਮੁਕਰੱਮ ਮੌਲਾਨਾ ਫ਼ਜ਼ਲ ਇਲਾਹੀ ਬਸ਼ੀਰ ਸਾਹਬ ਦਾ ਹੈ ਜਿੰਨ੍ਹਾ ਦੀ 97 ਸਾਲ ਦੀ ਉਮਰ ਵਿੱਚ ਮਿਤੀ 3 ਅਗਸਤ 2015 ਨੂੰ ਰਬਵਾ ਵਿੱਚ ਵਫ਼ਾਤ ਹੋਈ । 1944 ਈ. ਵਿੱਚ ਜੀਵਨ ਵਕਫ਼ ਕੀਤਾ । 1978 ਈ. ਵਿੱਚ ਰਿਟਾਇਰਮੈਂਟ ਹੋਈ । ਹਜ਼ੂਰ ਅਨਵਰ ਨੇ ਲੰਮੀਆਂ ਸੇਵਾਵਾਂ ਦੇ ਵਰਨਣ ਵਿੱਚ ਫ਼ਲਸਤੀਨ ਅਤੇ ਮਾਰਸ਼ਸ ਵਿੱਚ ਰਹਿੰਦਿਆਂ ਹੋਇਆ ਜਿੰਨ੍ਹਾ ਪ੍ਰਮੁੱਖ ਕਾਰਜਾਂ ਦਾ ਸੰਜੋਗ ਪ੍ਰਾਪਤ ਹੋਇਆ ਉਸਦਾ ਵਿਸ਼ੇਸ਼ ਵਰਨਣ ਕੀਤਾ । 1993 ਈ. ਤੱਕ ਰੀਇੰਮਪਲਾਈ ਹੁੰਦੇ ਰਹੇ । ਵਫ਼ਾਤ ਦੇ ਸਮੇਂ ਤੱਕ ਵੱਖ ਵੱਖ ਢੰਗਾ ਨਾਲ ਸੇਵਾ ਦਾ ਸੁਅਵਸਰ ਪਾਉਂਦੇ ਰਹੇ । ਰੱਬ ਇਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਇਹਨਾਂ ਦੀ ਸੰਤਾਨ ਨੂੰ ਵੀ ਇਹਨਾਂ ਦੀਆਂ ਨੇਕੀਆਂ ਜੀਉਂਦੀਆਂ ਰਖੱਣ ਦਾ ਸੰਜੋਗ ਪ੍ਰਦਾਨ ਕਰੇ ।


**Khulasa Khutba 18.09.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131